This question paper contains 2 printed pages]

Roll No. | | | | | | | | | | | |

S. No. of Question Paper : 5194

Unique Paper Code : 212156

E

Name of the Paper : Punjabi C (Basic)

Name of the Course : B.A. (Prog.)

Semester : I

Duration : 3 Hours

Maximum Marks : 75

*(Write your Roll No. on the top immediately on receipt of this question paper.)*

ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

1. ਮਿੰਨੀ ਕਹਾਣੀ-ਸੰਗ੍ਰਹਿ 'ਨਿਮੋਲੀਆਂ' ਦਾ ਲੇਖਕ ਕੌਣ ਹੈ? ਇਸ ਸੰਗ੍ਰਹਿ ਵਿਚ ਪੇਸ਼ ਕਹਾਣੀਆਂ ਵਿਚੋਂ ਤੁਹਾਨੂੰ ਕਿਹੜੀ ਕਹਾਣੀ ਚੰਗੀ ਲੱਗਦੀ ਹੈ, 'ਤੇ ਕਿਉਂ? 10

2. ਹੇਠ ਲਿਖੀਆਂ ਮਿੰਨੀ-ਕਹਾਣੀਆਂ ਵਿਚੋਂ ਕਿਸੇ ਦੋ ਦਾ ਭਾਵ ਆਪਣੇ ਸ਼ਬਦਾਂ ਵਿਚ ਲਿਖੋ :
ਬਿਮਾਰ, ਮੁਰਗੇ ਦੀਆਂ ਟੰਗਾਂ, ਇਨਸਾਨ ਤੇ ਬਾਣੀਆਂ, ਕਰਾਮਾਤ। 15

3. 'ਕੱਟੀ ਹੋਈ ਬਾਂਹ' ਨਾਟਕ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ।

ਜਾਂ

'ਕੱਟੀ ਹੋਈ ਬਾਂਹ' ਨਾਟਕ ਨੂੰ ਰੰਗਮੰਚ ਦੀ ਦ੍ਰਿਸ਼ਟੀ ਤੋਂ ਪਰਖੋ। 15

4. 'ਕੱਟੀ ਹੋਈ ਬਾਂਹ' ਨਾਟਕ ਵਿਚ ਕਿਹੜੇ ਦੋ ਪਾਤਰ ਤੁਹਾਨੂੰ ਚੰਗੇ ਲਗਦੇ ਹਨ ਤੇ ਕਿਉਂ? ਚਰਚਾ ਕਰੋ। 10

5. ਹੇਠ ਲਿਖੇ ਸ਼ਬਦਾਂ ਵਿਚੋਂ ਕੋਈ ਪੰਜ ਸ਼ਬਦਾਂ ਨੂੰ ਸ਼ੁੱਧ ਕਰ ਕੇ ਲਿਖੋ :
ਕਯੋਂਕਿ, ਬੋਹਤ, ਸੇਹਤ, ਜੇਹੜਾ, ਜ਼ਾਅਦਾ, ਮੀਹ, ਸੰਬਧ 5

6. ਹੇਠ ਦਿੱਤੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :
ਅਕਲਮੰਦ, ਮਹਿੰਗਾ, ਆਦਿ, ਆਤਮਕ, ਸ਼ਹਿਰੀ। 5

7. ਪੰਜਾਬੀ ਦੇ ਲਗਾਖਰਾਂ ਦੇ ਨਾਂ ਲਿਖੋ ਅਤੇ ਚਿੰਨ੍ਹ ਬਣਾ ਕੇ ਦੋ ਦੋ ਉਦਾਹਰਣਾਂ ਦਿਉ। 5

P.T.O.

8. ਹੇਠ ਦਿੱਤੇ ਪੈਰ੍ਹੇ ਦਾ ਸਿਰਲੇਖ ਦਸੋ ਅਤੇ ਸੰਖੇਪ ਸਾਰ ਲਿਖੋ : 10

''ਅਖ਼ਬਾਰ ਅੱਜ ਸਾਡੇ ਜੀਵਨ ਦਾ ਜ਼ਰੂਰੀ ਹਿੱਸਾ ਬਣ ਗਏ ਹਨ। ਇਹ ਸਾਡੀ ਗਿਆਨ ਦੀ ਭੁੱਖ ਨੂੰ ਤ੍ਰਿਪਤ ਕਰਨ ਦਾ ਸਭ ਤੋਂ ਵੱਡਾ ਸਾਧਨ ਹਨ। ਅਖ਼ਬਾਰਾਂ ਦੇ ਬੇਅੰਤ ਲਾਭ ਹਨ। ਇਨ੍ਹਾਂ ਵਿਚ ਸਾਰੇ ਅੰਦਰ ਵਾਪਰਣ ਵਾਲੀਆਂ ਘਟਨਾਵਾਂ ਦਾ ਹਾਲ ਛਪਦਾ ਹੈ। ਇਨ੍ਹਾਂ ਨੂੰ ਪੜ੍ਹਣ ਨਾਲ ਮਨੁੱਖ ਸੰਸਾਰ ਦੀ ਗਤੀ ਅਤੇ ਪ੍ਰਗਤੀ ਤੋਂ ਜਾਣੂੰ ਰਹਿੰਦਾ ਹੈ। ਆਵਾਜਾਈ ਦੇ ਤੇਜ਼ ਸਾਧਨਾਂ ਨੇ ਅੱਜ ਦੁਨੀਆਂ ਦੇ ਸਾਰੇ ਦੇਸ਼ਾਂ ਨੂੰ ਇਕ ਦੂਜੇ ਦੇ ਨੇੜੇ ਲੈ ਆਂਦਾ ਹੈ। ਇਸ ਲਈ ਇਕ ਦੇਸ਼ ਵਿਚ ਵਾਪਰਣ ਵਾਲੀ ਕਿਸੇ ਵੱਡੀ ਘਟਨਾ ਦਾ ਕਿਸੇ ਨਾ ਕਿਸੇ ਰੂਪ ਵਿਚ ਦੂਸਰੇ ਦੇਸ਼ਾਂ ਉਪਰ ਵੀ ਅਸਰ ਪੈਂਦਾ ਹੈ। ਨੇਮ ਨਾਲ ਅਖ਼ਬਾਰ ਪੜ੍ਹਣ ਵਾਲੇ ਨੂੰ ਅਜਿਹੀਆਂ ਘਟਨਾਵਾਂ ਦੇ ਪਿਛੋਕੜ ਅਤੇ ਦੇਸ਼-ਵਿਦੇਸ਼ ਦੀਆ ਨੀਤੀਆਂ ਦੀ ਸੋਝੀ ਆ ਜਾਂਦੀ ਹੈ। ਅਖ਼ਬਾਰ ਪ੍ਰਚਾਰ ਦਾ ਵੱਡਾ ਸਾਧਨ ਹਨ। ਸਭ ਰਾਜਨੀਤਿਕ ਪਾਰਟੀਆਂ ਇਨ੍ਹਾਂ ਰਾਹੀਂ ਲੋਕਾਂ ਵਿਚ ਆਪਣੇ ਸਿਧਾਂਤ ਅਤੇ ਪ੍ਰੋਗਰਾਮਾਂ ਦਾ ਪ੍ਰਚਾਰ ਕਰਦੀਆਂ ਹਨ ਅਤੇ ਲੋਕ ਰਾਇ ਨੂੰ ਆਪਣੇ ਵੱਲ ਕਰਨ ਦਾ ਜਤਨ ਕਰਦੀਆਂ ਹਨ ਤਾਂ ਕਿ ਸੱਤਾ ਹਾਸਲ ਕੀਤੀ ਜਾਏ। ਅਖ਼ਬਾਰ ਦਾ ਪ੍ਰਚਾਰ ਕਈ ਵਾਰ ਸਰਕਾਰਾਂ ਬਦਲ ਦਿੰਦਾ ਹੈ। ਇਸ ਲਈ ਸਰਕਾਰਾਂ ਵੀ ਪ੍ਰੈਸ ਦੀ ਤਾਕਤ ਨੂੰ ਮੰਨਦੀਆਂ ਹਨ ਅਤੇ ਉਨ੍ਹਾਂ ਨੂੰ ਆਪਣੇ ਪੱਖ ਵਿਚ ਰੱਖਣ ਦੇ ਜਤਨ ਕਰਦੀਆਂ ਹਨ। ਵੱਡੇ-ਵੱਡੇ ਉਦਯੋਗ ਅਖ਼ਬਾਰਾਂ ਦੁਆਰਾ ਇਸ਼ਤਿਹਾਰ ਦੇ ਕੇ ਆਪਣੀ ਪੈਦਾਵਾਰ ਲਈ ਖ਼ਰੀਦਾਰ ਪੈਦਾ ਕਰਦੇ ਹਨ। ਫ਼ਿਲਮਾਂ, ਨੌਕਰੀ, ਵਿਆਹ, ਗੁਆਚੇ ਬੰਦਿਆਂ ਬਾਰੇ ਵੀ ਅਖ਼ਬਾਰਾਂ ਵਿਚ ਇਸ਼ਤਿਹਾਰ ਛਪਦੇ ਹਨ। ਇਨ੍ਹਾਂ ਨੂੰ ਪੜ੍ਹ ਕੇ ਲੋੜਵੰਦ ਲਾਭ ਉਠਾਉਂਦੇ, ਮੰਡੀਆਂ ਦੇ ਭਾਅ, ਅਫ਼ਸਰਾਂ ਦੀਆਂ ਸ਼ਿਕਾਇਤਾਂ, ਜਲਸਿਆਂ, ਕਾਨਫਰੰਸਾਂ, ਅਸੰਬਲੀਆਂ ਤੇ ਲੋਕ-ਸਭਾ ਦੀਆਂ ਕਾਰਵਾਈਆਂ, ਇਮਤਿਹਾਨਾਂ ਦੇ ਨਤੀਜੇ, ਮੈਚਾਂ ਦਾ ਹਾਲ, ਰੇਡੀਉ, ਟੀ.ਵੀ. ਦਾ ਪ੍ਰੋਗਰਾਮ, ਕਈ ਕੁਝ ਅਖ਼ਬਾਰਾਂ ਵਿਚ ਛਪਦਾ ਹੈ।''